ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 18 ਅਕਤੂਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਇਮਾਨਦਾਰ ਸਿਆਸਤ ਦੀ ਪਹਿਰੇਦਾਰੀ ਸਮੇਂ ਦੀ ਲੋੜ ਹੈ

ਦੇਸ਼ ਦੀ ਪ੍ਰਬੰਧਕੀ ਦੀ ਜੋ ਮਾੜੀ ਅਤੇ ਗ਼ਰੀਬ-ਦੁਸ਼ਮਣ ਹਾਲਤ ਬਣੀ ਹੋਈ ਹੈ, ਉਸਨੂੰ ਸੁਧਾਰਨ ਲਈ ਲੋਕ-ਚੇਤਨਾ ਅਤੇ ਲੋਕ ਸੰਘਰਸ਼ਾਂ ਦੀ ਲੋੜ ਹੈ। ਇਹ ਕੰਮ ਜਿਹਨਾਂ ਨੇ ਕਰਨਾ ਹੈ, ਜ਼ਰੂਰੀ ਹੈ, ਉਹਨਾਂ ਦੀ ਕੋਈ ਨਾ ਕੋਈ ਵਿਚਾਰਧਾਰਾ ਹੋਵੇਗੀ। ਹਰ ਕਿਸੇ ਨੇ ਤਾਂ ਅੱਗੇ ਆਉਣਾ ਨਹੀਂ ਹੁੰਦਾ। ਇਹ ਇੱਕ ਵੱਡੀ ਤ੍ਰਾਸਦੀ ਹੈ ਕਿ ਸਿਆਸਤ ਸ਼ਬਦ ਇਕ ਬਦਨਾਮ ਸ਼ਬਦ ਬਣ ਗਿਆ ਹੈ। ਆਮ ਇਹ ਸੁਣਿਆ ਜਾਂਦਾ ਹੈ ਕਿ ਸਿਆਸੀ ਬੰਦੇ ਸਾਰੇ ਚੋਰ ਹਨ। ਇਕ ਪਾਰਟੀ ਦੇ ਹੋਣ, ਦੂਜੀ ਪਾਰਟੀ ਦੇ ਹੋਣ, ਕੋਈ ਫਰਕ ਨਹੀਂ ਪੈਂਦਾ। ਇਹ ਗੱਲ ਚੋਰਾਂ ਨੂੰ ਬੜੀ ਮਾਫ਼ਕ ਆਂਦੀ ਹੈ ਕਿ ਲੋਕਾਂ ਨੂੰ ਉਹਨਾਂ ਤੇ ਸ਼ਰੀਫ਼ਾਂ ਵਿਚ ਕੋਈ ਫ਼ਰਕ ਨਾ ਦਿਸੇ। ਚੋਰ ਸਿਆਸਤਦਾਨਾਂ ਨੂੰ ਵੀ ਇਹ ਗੱਲ ਮਾਫ਼ਕ ਆਂਦੀ ਹੈ। ਇਸ ਧਾਰਨਾ ਨਾਲ ਜੇਕਰ ਨੁਕਸਾਨ ਹੁੰਦਾ ਹੈ ਤਾਂ ਉਹਨਾਂ ਦਾ ਹੁੰਦਾ ਹੈ ਜੋ ਇਸ ਸਮਾਜ ਦੀ ਬੇਹਤਰੀ ਲਈ ਕੰਮ ਕਰਦੇ ਹਨ ਜਾਂ ਉਹਨਾਂ ਸਾਧਾਰਨ ਲੋਕਾਂ ਦਾ ਹੁੰਦਾ ਹੈ ਜਿਹਨਾਂ ਲਈ ਇਹ ਸੁਹਿਰਦ ਲੋਕ ਕੰਮ ਕਰਦੇ ਹਨ।

ਇਹ ਇਕ ਪ੍ਰਤੱਖ ਸਚਾਈ ਹੈ ਕਿ ਸਿਆਸਤ ਕੁਝ ਲੋਕਾਂ ਲਈ ਲੋਕ-ਸੇਵਾ ਨਹੀਂ, ਸਗੋਂ ਇੱਕ ਪੇਸ਼ਾ ਹੈ ਪਰ ਸਾਰਿਆਂ ਲਈ ਇਹ ਪੇਸ਼ਾ ਨਹੀਂ, ਸਗੋਂ ਲੋਕ-ਸੇਵਾ ਆਪਣੇ ਆਪ ਵਿਚ ਇਕ ਵੱਚਨਬੱਧਤਾ ਹੈ। ਜਿਹਨਾਂ ਪੰਜਾਹ ਸਾਲ ਦੇਸ਼ ਦੀ ਹਕੂਮਤ ਕੀਤੀ ਹੈ ਉਹਨਾਂ ਨੇ ਸਿਆਸਤ ਨੂੰ ਖਾਨਦਾਨੀ ਪੇਸ਼ਾ ਬਣਾ ਲਿਆ ਹੈ। ਬਾਪ ਮਰੇ ਤਾਂ ਪੁੱਤਰ, ਧੀ ਜਾਂ ਨੂੰਹ ਆਪਣੇ ਆਪ ਨੂੰ ਉਸ ਅਹੁਦੇ ਦੇ ਹੱਕਦਾਰ ਸਮਝਦੇ ਹਨ, ਜਿਸ ਅਹੁਦੇ ਤੇ ਬੈਠਾ ਬਾਪ ਮਰਿਆ ਸੀ। ਇਹ ਪੇਸ਼ਾ ਲਾਹੇਵੰਦ ਤਾਂ ਨਹੀ ਹੋ ਸਕਦਾ ਹੈ ਕਿ ਤੁਸੀਂ ਕਿਸੇ ਵੱਡੀ ਕੁਰਸੀ ਤੇ ਬੈਠੇ ਹੋਵੋ। ਸੋ ਕੁਰਸੀ ਦੀ ਦੌੜ ਲਈ ਕਈ ਹੇਰਾਫੇਰੀਆਂ ਅਤੇ ਸਮਝੌਤੇ ਹੁੰਦੇ ਹਨ।

ਇਸ ਤਰ੍ਹਾਂ ਸਿਆਸਤ ਸ਼ਬਦ ਬਦਨਾਮ ਹੁੰਦਾ ਹੈ। ਪਰ ਵਚਨਬੱਧ ਲੋਕਾਂ ਲਈ ਸਿਆਸਤ ਇੱਕ ਇਮਾਨ ਹੈ। ਇਸ ਇਮਾਨ ਲਈ ਉਹਨਾਂ ਜ਼ਿੰਦਗੀਆਂ ਲਾਈਆਂ ਹਨ ਕਿ ਇਸ ਦੇਸ਼ ਵਿਚ ਇਕ ਚੰਗਾ ਨਿਆਂਸ਼ੀਲ ਸਮਾਜ ਬਣੇ। ਇਮਾਨ ਵਾਲੇ ਲੋਕਾਂ ਦੀ ਪਹਿਚਾਣ ਲੋਕ-ਪੱਖੀ ਸਿਆਸਤ ਦੀ ਵੱਡੀ ਲੋੜ ਹੈ।

ਕਮਿਊਨਿਸਟ ਪਾਰਟੀਆਂ ਵਿਚ ਕੁੱਲਵਕਤੀ ਕਾਰਕੁੰਨਾਂ ਦੀ ਬਕਾਇਦਾ ਇੱਕ ਥਾਂ ਹੈ। ਇਹ ਉਹ ਕਾਰਕੁੰਨ ਹਨ ਜਿਹਨਾਂ ਨੇ ਵਚਨਬੱਧ ਹੋ ਕੇ ਆਪਣਾ ਸਾਰਾ ਵਕਤ ਮਿਹਨਤਕਸ਼ ਲੋਕਾਂ ਦੀ ਬੇਹਤਰੀ ਉੱਤੇ ਲਗਾਉਣਾ ਹੈ। ਵੱਖ-ਵੱਖ ਫਰੰਟਾਂ ਉੱਤੇ ਉਹ ਕੰਮ ਕਰਦੇ ਹਨ। ਜਿਹਨਾਂ ਦੇ ਗੁਜ਼ਾਰੇ ਲਈ ਰਕਮ ਕਿਧਰੋਂ ਉੱਤੋਂ ਤਾਂ ਡਿਗਣੀ ਨਹੀਂ, ਸਗੋਂ ਉਹਨਾਂ ਲੋਕਾਂ ਕੋਲੋਂ ਹੀ ਫੰਡ ਦੇ ਰੂਪ ਵਿਚ ਆਉਣੀ ਹੈ, ਜਿਹਨਾਂ ਲਈ ਇਹ ਦਿਨ-ਰਾਤ ਕੰਮ ਕਰਦੇ ਹਨ। ਇਸ ਬਾਰੇ ਬਹੁਤ ਡੱਟਕੇ ਲੋਕਾਂ ਨੂੰ ਚੇਤਨ ਕਰਨਾ ਜ਼ਰੂਰੀ ਹੈ। ਕੁੱਲਵਕਤੀ ਸਿਆਸੀ ਕਾਰਕੁੰਨ ਹੋਣਾ ਇਕ ਮਾਣ ਵਾਲੀ ਗੱਲ ਹੈ। ਹਰ ਕੋਈ ਇਹ ਕੁਰਬਾਨੀ ਨਹੀਂ ਕਰ ਸਕਦਾ। ਸਿਆਸਤ ਨਾਲ ਜਿਹੜਾ ਬਦਨਾਮੀ ਵਾਲਾ ਵਿਸ਼ਲੇਸ਼ਣ ਜੁੜਦਾ ਜਾ ਰਿਹਾ ਹੈ, ਉਸ ਪ੍ਰਭਾਵ ਨੂੰ ਬਦਲਣਾ ਬੜਾ ਜ਼ਰੂਰੀ ਹੈ। ਸਿਆਸੀ ਵਿਚਾਰਧਾਰਾ ਤੋਂ ਬਿਨਾ ਸਮਾਜ ਬਦਲਣ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਇਸ ਬਾਰੇ ਲੋਕਾਂ ਨੂੰ ਵੀ ਚੇਤਨ ਕਰਨਾ ਵੱਡੀ ਲੋੜ ਹੈ।

ਸੂਝਵਾਨ ਲੋਕ ਜਿਹੜੇ ਖੱਬੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ, ਉਹਨਾਂ ਨੇ ਫ਼ਿਕਰ ਜ਼ਾਹਰ ਕੀਤਾ ਹੈ ਕਿ ਬਹੁਤ ਸਾਰੀਆਂ ਰੈਲੀਆਂ ਅਤੇ ਜਲਸਿਆਂ ਵਿਚ, ਜਿਹੜੇ ਕਿਸੇ ਵਰਗ ਦੀਆਂ ਮੰਗਾਂ ਲੈ ਕੇ ਜਥੇਬੰਦ ਕੀਤੇ ਜਾਂਦੇ ਨੇ, ਵਿਚਾਰਧਾਰਾ ਜਾਂ ਸਿਧਾਂਤ ਦੀ ਗੱਲ ਕਰਨੋ ਸੰਕੋਚ ਕੀਤਾ ਜਾਂਦਾ ਹੈ। ਇਸ ਸਾਲ ਵੀ ਕਿਸਾਨ ਦਾ ਝੋਨਾ ਰੁਲ ਗਿਆ ਹੈ। ਇਹਦੇ ਬਾਰੇ ਗੱਲ ਕਰਨ ਲੱਗਿਆਂ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਚੇਤਨ ਕੀਤਾ ਜਾਵੇ ਕਿ ਇਹ ਰੁੱਲਿਆ ਸਿਰਫ਼ ਇਸ ਲਈ ਨਹੀਂ ਕਿ ਬੇਵੱਕਤੀ ਮੀਂਹ ਆ ਗਏ ਹਨ। ਇਹ ਇਕ ਕਾਰਨ ਹੈ ਪਰ ਅਸਲੀ ਕਾਰਨ ਹੈ ਕਿ ਪ੍ਰਬੰਧਕੀ ਹੀ ਐਸੀ ਹੈ ਜਿਹੜੀ ਕਿਸਾਨ ਦਾ ਫ਼ਿਕਰ ਨਹੀਂ ਕਰਦੀ। ਜਿਵੇਂ ਇਹ ਸਭ ਕੁਝ ਤਾਂ ਹੈ ਹੀ ਕਿ ਸਰਮਾਏਦਾਰੀ ਪ੍ਰਧਾਨ ਰਾਜ ਚਲ ਰਿਹਾ ਹੈ, ਜਿਥੇ ਗ਼ਰੀਬ ਬੰਦੇ ਦੀ ਕੋਈ ਪੁੱਛ ਨਹੀਂ। ਸਮਾਜਵਾਦੀ ਪ੍ਰਬੰਧ ਵਿਚ ਇਹ ਵਰਤਾਰਾ ਬਦਲਿਆ ਜਾ ਸਕਦਾ ਹੈ। ਦੁਸ਼ਮਣਾਂ ਵੱਲੋਂ ਝੱਟ ਇਹ ਕਿਹਾ ਜਾਏਗਾ ਕਿ ਕਾਮਰੇਡ ਕਿਸਾਨਾਂ ਦੀ ਮੁਸੀਬਤ ਦੀ ਗੱਲ ਕਰਕੇ ਸਿਆਸਤ ਵਿਚ ਲਿਆ ਘਸੋੜਦੇ ਹਨ। ਪਰ ਇਹ ਸਿਆਸਤ ਨਾਲ ਅਜਿਹੇ ਮੁੱਦਿਆਂ ਨੂੰ ਜੋੜਨਾ ਬਹੁਤ ਜ਼ਰੂਰੀ ਹੈ ਕਿਉਂਕਿ ਗਰੀਬ ਬੰਦੇ ਦੀ ਮੁਸੀਬਤ ਦੀ ਜੜ੍ਹ ਹੀ ਇਹੀ ਹੈ ਕਿ ਇਸ ਦੇਸ਼ ਵਿਚ ਗਲਤ ਵਰਤਾਰਾ ਚਲ ਰਿਹਾ ਹੈ।

ਅਸੀਂ ਜੋ ਇਸ ਸਮਾਜ ਨੂੰ ਬਦਲਣ ਲਈ ਵਚਨਬੱਧ, ਹਾਂ ਸਾਡਾ ਫ਼ਰਜ਼ ਹੈ ਕਿ ਸਿਆਸਤ ਦੀ ਪਵਿੱਤਰਤਾ ਨੂੰ ਕਾਇਮ ਰੱਖੀਏ। ਇਸਦੇ ਵਰਤਾਰੇ ਵਿਚ ਕੋਈ ਮੌਕਾਪ੍ਰਸਤੀ ਜਾਂ ਬੇਅਸੂਲੀ ਜੋੜਬੰਦੀ ਨੂੰ ਬਰਦਾਸ਼ਤ ਨਾ ਕਰੀਏ। ਚੇਤਨ ਹੋ ਕੇ ਲੋਕਾਂ ਨੂੰ ਇਸ ਬਾਰੇ ਦੱਸੀਏ। ਸਿਆਸਤ ਦੀ ਪਵਿੱਤਰਤਾ ਦੀ ਪਹਿਰੇਦਾਰੀ ਕਰਨੀ ਅੱਜ ਸਮੇਂ ਦੀ ਲੋੜ ਹੈ।